This question paper contains 1 printed pages]

**Roll No.** | | | | | | | | | | | |

S. No. of Question Paper : **370**

Unique Paper Code : **212351** **D**

Name of the Paper : **Punjabi Discipline 'A'**

Name of the Course **B.A. (Programme) Punjabi**

Semester **III**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਸਵਰਾਜਬੀਰ ਆਪਣੇ ਨਾਟਕ 'ਕ੍ਰਿਸ਼ਨ' ਵਿਚ, ਕ੍ਰਿਸ਼ਨ ਦੇ ਮਿਥਿਹਾਸਕ ਕਿਰਦਾਰ ਦਾ ਕਿਵੇਂ ਰੂਪਾਂਤਰਣ ਦੇਂਦਾ ਹੈ ? ਚਰਚਾ ਕਰੋ। 15

ਜਾਂ

ਸਵਰਾਜਬੀਰ ਦੇ ਨਾਟਕ 'ਕ੍ਰਿਸ਼ਨ' ਦਾ ਸਾਰ ਦੱਸਦੇ ਹੋਏ, ਇਸ ਦਾ ਆਲੋਚਨਾਤਮਕ-ਅਧਿਐਨ ਪੇਸ਼ ਕਰੋ।

2. ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਸੰਖੇਪ ਉੱਤਰ ਦਿਉ : 10

1) ''ਖਾਂਡਵ ਵਣ ਦੇ ਦਾਹ' ਦੀ ਘਟਨਾ, ਕ੍ਰਿਸ਼ਨ ਦੇ ਭਗਵਾਨ ਰੂਪ ਸਾਹਵੇਂ ਪ੍ਰਸ਼ਨ ਖੜੇ ਕਰਦੀ ਹੈ।'' ਸਵਰਾਜਬੀਰ ਦੇ ਨਾਟਕ 'ਕ੍ਰਿਸ਼ਨ' ਦੇ ਆਧਾਰ 'ਤੇ ਇਸ ਕਥਨ ਬਾਰੇ ਵਿਚਾਰ ਪੇਸ਼ ਕਰੋ।

2) ਨਾਟਕ 'ਕ੍ਰਿਸ਼ਨ' ਵਿਚ ਪਾਤਰ 'ਜਰਾ' ਦਾ ਵਿਦ੍ਰੋਹ ਕਿਸ ਰੂਪ ਵਿਚ ਪੇਸ਼ ਹੋਇਆ ਹੈ?

3) ਸਵਰਾਜਬੀਰ ਦੇ ਨਾਟਕ ਕ੍ਰਿਸ਼ਨ' ਵਿਚ ਭਾਰਤੀ-ਮਿਥਿਹਾਸ ਨਾਲ ਸੰਬੰਧਤ ਕਿਸ ਸਮੇਂ, ਸਥਾਨ ਅਤੇ ਪਾਤਰਾਂ ਦਾ ਜ਼ਿਕਰ ਆਇਆ ਹੈ? ਜਾਣਕਾਰੀ ਦਿਉ।

3. ''ਪਰਵੇਜ਼ ਕੌਰ ਸੰਧੂ ਦਾ ਕਹਾਣੀ-ਸੰਗ੍ਰਹਿ 'ਮੁੱਠੀ ਭਰ ਸੁਪਨੇ', ਇਕੋ ਸਮੇਂ ਪਰਵਾਸੀ-ਚੇਤਨਾ ਤੇ ਨਾਰੀ-ਸੰਵੇਦਨਾ ਦੇ ਸਰੋਕਾਰਾਂ ਨੂੰ ਗਲਪੀ-ਪ੍ਰਗਟਾਅ ਦਿੰਦਾ।'' ਕਥਨ ਦੀ ਪੁਸ਼ਟੀ ਕਰੋ। 15

ਜਾਂ

ਹੇਠ ਦਿੱਤੀਆਂ ਕਹਾਣੀਆਂ ਵਿਚੋਂ ਕਿਸੇ ਇਕ ਦਾ ਪਾਠਗਤ ਅਧਿਐਨ ਪੇਸ਼ ਕਰੋ :

ਕੰਤਮਨੀ, ਸੌਂਕਣ, ਸਵਰਗ, ਧੀਆਂ।

4. 'ਮੁੱਠੀ ਭਰ ਸੁਪਨੇ' ਕਹਾਣੀ-ਸੰਗ੍ਰਹਿ ਦੇ ਆਧਾਰ 'ਤੇ ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ, ਕਿਸੇ ਦੋ ਦੇ ਉੱਤਰ ਸੰਖੇਪ ਵਿਚ ਦਿਉ: 10

ੳ) 'ਮੁੱਠੀ ਭਰ ਸੁਪਨੇ' ਕਹਾਣੀ ਦੇ ਸਿਰਲੇਖ ਦੀ ਸਾਰਥਕਤਾ ਸਪੱਸ਼ਟ ਕਰੋ।

ਅ) 'ਬਲੀ' ਜਾਂ 'ਗੁਆਚ ਰਹੇ ਲੋਕ' ਕਹਾਣੀ ਵਿਚ ਪੇਸ਼ ਹੋਈ ਮੁੱਖ ਸਮੱਸਿਆ ਕੀ ਹੈ?

ੲ) ਸਭਿਆਚਾਰਕ ਵਿੱਥ ਬਾਰੇ ਤੁਸੀਂ ਕੀ ਸਮਝਦੇ ਹੋ? ਕਿਸੇ ਇਕ ਕਹਾਣੀ ਨੂੰ ਆਧਾਰ ਬਣਾ ਕੇ ਸਪੱਸ਼ਟ ਕਰੋ।

5. ੳ) ਰੇਡੀਉ ਤੇ ਟੈਲੀਵਿਜ਼ਨ ਨਾਟਕ ਵਿਚਲਾ ਅੰਤਰ ਸਪੱਸ਼ਟ ਕਰੋ। 5

ਅ) ਪੰਜਾਬੀ ਲੋਕ-ਨਾਟਕ ਬਾਰੇ ਤੁਸੀਂ ਕੀ ਜਾਣਦੇ ਹੋ? ਇਸ ਦੀਆਂ ਵੱਖ ਵੱਖ ਵੰਨਗੀਆਂ ਬਾਰੇ ਸੰਖੇਪ ਜਾਣਕਾਰੀ ਦਿਉ। 5

ੲ) ਨਾਟਕ ਨੂੰ 'ਦ੍ਰਿਸ਼-ਕਾਵਿ' ਵੀ ਕਿਹਾ ਜਾਂਦਾ ਹੈ। ਇਸ ਪੱਖੋਂ ਨਾਟਕ ਤੇ ਰੰਗ ਮੰਚ ਦੇ ਆਪਸੀ ਸੰਬੰਧਾਂ ਬਾਰੇ ਚਰਚਾ ਕਰੋ। 5

ਸ) ਪੰਜਾਬੀ ਨਾਟਕ ਦੇ ਆਰੰਭ ਤੇ ਵਿਕਾਸ ਬਾਰੇ ਨੋਟ ਲਿਖੋ। 10